ਸਹਿਭਾਗੀ ਗਾਰੰਟੀ ਪ੍ਰਣਾਲੀ

ਛੋਟੇ ਕਿਸਾਨਾਂ ਲਈ ਜੈਵਿਕ ਸਰਟੀਫਿਕੇਸ਼ਨ ਨੂੰ ਜ਼ਿਆਦਾ ਪਹੁੰਚ ਯੋਗ/ਸੁਲਭ ਬਣਾਉਣਾ

ਫਲਾਵੀਆ ਕਾਸਤਰੋ ਅਤੇ ਕਾਰਨੇਲੀਆ ਕਿਰਚਨਰ

ਪੂਰੇ ਵਿਸ਼ਵ ਵਿੱਚ ਅਤੇ ਭਾਰਤ ਵਿੱਚ ਕਈ ਕਿਸਾਨ ਸੰਗਠਨਾਂ ਨੇ ਸਹਿਭਾਗੀ ਗਾਰੰਟੀ ਪ੍ਰਣਾਲੀ (Participatory Guaranty System (PGS)) ਦੀ ਸਥਾਪਨਾ ਅਤੇ ਪ੍ਰਚਾਰ ਲਈ ਆਪਣਾ ਯੋਗਦਾਨ ਦਿੱਤਾ ਹੈ। ਛੋਟੇ ਪੈਮਾਨੇ ਦੀ ਖੇਤੀ ਦੇ ਲਈ ਵਿਸ਼ੇਸ਼ ਰੂਪ ਵਿੱਚ ਉਪਯੋਗੀ ਪੀ ਜੀ ਐਸ ਤੀਸਰੀ ਪਾਰਟੀ ਸਰਟੀਫਿਕੇਸ਼ਨ ਲਈ ਪ੍ਰੈਕਟੀਕਲ ਬਦਲ ਸਿੱਧ ਹੋਇਆ ਹੈ। ਅਤੇ ਜੈਵਿਕ ਤਰੀਕੇ ਨਾਲ ਉਗਾਏ ਭੋਜਨ ਲਈ ਸਥਾਨਕ ਬਾਜ਼ਾਰ ਵਿਕਸਿਤ ਕਰਨ ਲਈ ਪ੍ਰਭਾਵਸ਼ਾਲੀ ਤਰੀਕਾ ਹੈ।

ਜੈਵਿਕ ਹੁਣ ਦੁਨੀਆ ਵਿੱਚ ਤੇਜੀ ਨਾਲ ਵਧ ਰਹੇ ਖੇਤਰਾਂ ਵਿੱਚੋਂ ਇੱਕ ਹੈ ਅਤੇ ਇਸਦੀ ਸਫ਼ਲਤਾ ਨੇ ਦੁਨੀਆ ਭਰ ਦੇ ਲੋਕਾਂ ਲਈ ਕਈ ਸਮਾਜਿਕ ਅਤੇ ਆਰਥਿਕ ਮੌਕਿਆਂ ਦੇ ਰਾਹ ਖੋਲੇ ਹਨ, ਖ਼ਾਸ ਕਰਕੇ ਉਹਨਾਂ ਲੋਕਾਂ ਲਈ ਜਿੰਨਾ ਨੂੰ ਖਾਧ ਸੁਰੱਖਿਆ ਅਤੇ ਗਰੀਬੀ ਵਿੱਚੋਂ ਬਾਹਰ ਨਿਕਲਣ ਲਈ ਰਸਤੇ ਦੀ ਲੋੜ ਹੈ। ਇਸ ਖੇਤਰ ਦੇ ਵਿਕਾਸ ਲਈ ਜੈਵਿਕ ਪ੍ਰਮਾਣੀਕਰਣ ਇੱਕ ਮਹੱਤਵਪੂਰਨ ਉਪਕਰਣ ਹੈ। ਇਹ ਮਾਨਤਾ ਦੀ ਸੁਵਿਧਾ ਦਿੰਦਾ ਹੈ ਅਤੇ ਖਪਤਕਾਰਾਂ ਨੂੰ ਉਤਪਾਦਾਂ ਦੇ ਜੈਵਿਕ ਹੋਣ ਦਾ ਯਕੀਨ ਦਿਵਾਉਂਦਾ ਹੈ। ਸਰਕਾਰ ਦੁਆਰਾ ਜੈਵਿਕ ਉਤਪਾਦਨ ਲਈ ਰਾਸ਼ਟਰੀ ਨਿਯਮ ਵਿਕਸਿਤ ਕਰਨ ਦੇ ਨਾਲ-ਨਾਲ ਪ੍ਰਮਾਣੀਕਰਨ ਬਾਜ਼ਾਰ ਤੱਕ ਪਹੁੰਚ ਬਣਾਉਣ ਵਿੱਚ ਵੀ ਮੱਦਦ ਕਰਦਾ ਹੈ। ਮੌਜੂਦਾ ਸਮੇਂ ਵਿੱਚ ਤੀਸਰੀ ਪਾਰਟੀ ਪ੍ਰਮਾਣੀਕਰਣ ਨੂੰ ਸਭ ਤੋਂ ਵੱਧ ਸਵੀਕਾਰ ਕੀਤਾ ਜਾਂਦਾ ਹੈ ਜਿਸ ਵਿੱਚ ਇੱਕ ਬਾਹਰੀ ਆਡੀਟਰ ਪੁਸ਼ਟੀ ਕਰਦਾ ਹੈ ਕਿ ਉਤਪਾਦਕ ਜੈਵਿਕ ਉਤਪਾਦਨ ਲਈ ਨਿਰਧਾਰਿਤ ਨਿਯਮਾਂ ਦਾ ਪਾਲਣ ਕਰਦੇ ਹੋਏ ਉਤਪਾਦਨ ਕਰ ਰਿਹਾ ਹੈ।

ਪੂੰਜੀ ਜ਼ਿਆਦਾਤਰ ਜੈਵਿਕ ਉਤਪਾਦਕਾਂ ਲਈ ਤੀਸਰੀ ਪਾਰਟੀ ਪ੍ਰਮਾਣੀਕਰਣ ਲੈਣਾ ਇੱਕ ਚੁਣੌਤੀ ਹੈ। ਇਹ ਗੱਲ ਖ਼ਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਦੇ ਛੋਟੇ ਕਿਸਾਨਾਂ ਦੇ ਮਾਮਲੇ ਵਿੱਚ ਸੱਚ ਹੈ। ਇੱਕ ਕਾਰਣ ਇਹ ਵੀ ਹੈ ਕਿ ਉਹਨਾਂ ਦੇ ਉਤਪਾਦਨ ਦੇ ਮਾਮਲੇ ਜੈਵਿਕ ਪ੍ਰਮਾਣੀਕਰਣ ਦੀ ਕੀਮਤ ਵੱਧ ਹੈ। ਕਿਸਾਨ ਕਾਗਜੀ ਕਾਰਵਾਈ ਅਤੇ ਨਿਯਮਾਂ ਅਤੇ ਮਾਨਕਾਂ ਦੀ ਜਟਿਲਤਾ ਜੋ ਉਹਨਾਂ ਨੂੰ ਪੂਰੇ ਕਰਨ ਲਈ ਕਹੇ ਜਾਂਦੇ ਹਨ, ਵਿੱਚ ਦੱਬ ਜਾਂਦੇ ਹਨ। ਇਸ ਤੋਂ ਇਲਾਵਾ, ਕਿਸਾਨ ਬਾਹਰੋਂ ਥੋਪੇ ਗਏ ਨਿਯਮਾਂ ਨੂੰ ਮੰਨਣਾ ਪੈਂਦਾ ਹੈ ਅਤੇ ਉਹਨਾਂ ਵਿੱਚ ਸਥਾਨਕ ਵਿਸ਼ੇਸ਼ਤਾਵਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਨਤੀਜੇ ਵਜੋਂ, ਪ੍ਰਮਾਣੀਕ੍ਰਿਤ ਜੈਵਿਕ ਉਤਪਾਦਾਂ ਦੀ ਕੀਮਤ ਵਧ ਜਾਂਦੀ ਹੈ ਅਤੇ ਆਮ ਲੋਕਾਂ ਲਈ ਉਹਨਾਂ ਨੂੰ ਖਰੀਦਣਾ ਮੁਸ਼ਕਿਲ ਹੋ ਜਾਂਦਾ ਹੈ। ਫਿਰ ਅਜਿਹੇ ਉਤਪਾਦ ਸ਼ਹਿਰਾਂ ਵਿੱਚ ਰਹਿੰਦੇ ਵੱਧ ਆਮਦਨ ਵਾਲੇ ਲੋਕਾਂ ਨੂੰ ਵੇਚੇ ਜਾਣਗੇ ਜਾਂ ਫਿਰ ਵਿਦੇਸ਼ੀ ਬਾਜ਼ਾਰਾਂ ਵਿੱਚ ਭੇਜੇ ਜਾਣਗੇ।

ਪੀ ਜੀ ਐਸ - ਤੀਸਰੀ ਪਾਰਟੀ ਪ੍ਰਮਾਣੀਕਰਣ ਦਾ ਵਿਕਲਪ

ਪੀ ਜੀ ਐਸ ਉਤਪਾਦਾਂ ਦੀ ਗੁਣਵੱਤਾ ਯਕੀਨੀ ਬਣਾਉਣ ਦਾ ਢੰਗ ਹੈ ਜੋ ਕਿ ਤੀਸਰੀ ਪਾਰਟੀ ਪ੍ਰਮਾਣੀਕਰਣ ਤੋਂ ਕਾਫ਼ੀ ਅਲੱਗ ਹੈ ਪੂੰਜੀ ਸਮਾਨ ਰੂਪ ਵਿੱਚ ਭਰੋਸੇਮੰਦ ਹੈ। ਪੀ ਜੀ ਐਸ ਪ੍ਰਮਾਣੀਕਰਣ ਪ੍ਰਕ੍ਰਿਆ ਕਈ ਹਿਤਧਾਰਕਾਂ ਦੀ ਭਾਗੀਦਾਰੀ ਉੱਪਰ ਆਧਾਰਿਤ ਹੈ। ਆਦਰਸ਼ ਰੂਪ ਵਿੱਚ, ਉਤਪਾਦਕ, ਖਪਤਕਾਰ, ਗੈਰ ਸਰਕਾਰੀ ਸੰਗਠਨ, ਵਿਗਿਆਨਕ ਅਤੇ ਜੈਵਿਕ ਖੇਤਰ ਵਿੱਚ ਕੰਮ ਕਰਨ ਵਾਲੇ ਹੋਰ ਮੁੱਖ ਲੋਕ ਨਿਯਮਿਤ ਗਰੁੱਪ ਸਮੀਖਿਆ ਦੌਰਾਨ ਅਤੇ ਪ੍ਰਮਾਣੀਕ੍ਰਿਤ ਸੰਸ਼ੋਧੀ ਫੈਸਲਿਆਂ ਲਈ ਜਿੰਮੇਦਾਰੀ ਸਾਂਝੀ ਕਰਦੇ ਹਨ ਅਤੇ ਮਾਨਕਾਂ ਦੀ ਪਰਿਭਾਸ਼ਾ ਅਤੇ ਚੋਣ ਵਿੱਚ ਵੀ ਸ਼ਾਮਿਲ ਹੁੰਦੇ ਹਨ। ਇਹ ਪ੍ਰਣਾਲੀ ਜਰੂਰੀ ਲਚੀਲੇਪਣ ਦੀ ਇਜਾਜ਼ਤ ਦਿੰਦੀ ਹੈ। ਪ੍ਰਮਾਣੀਕਰਣ ਪ੍ਰਕ੍ਰਿਆ ਦਾ ਵਿਕਾਸ ਹਿੱਤਧਾਰਕਾਂ ਦੁਆਰਾ ਖੁਦ ਕੀਤਾ ਜਾਂਦਾ ਹੈ। ਜ਼ਿਆਦਾਤਰ ਕੰਮ ਸਵੈ-ਇੱਛਾ ਨਾਲ ਕੀਤਾ ਜਾਂਦਾ ਹੈ ਜਿਸਦਾ ਮਤਲਬ ਹੈ ਕਿ ਪ੍ਰਮਾਣੀਕਰਣ ਦੀ ਅਸਲ ਲਾਗਤ ਬਹੁਤ ਘੱਟ ਹੈ। ਵੱਡੀ ਗਿਣਤੀ ਵਿੱਚ ਲੋਕਾਂ ਦੀ ਭਾਗੀਦਾਰੀ ਅਤੇ ਸਹਿਯੋਗ ਗਿਆਨ ਸਾਝਾ ਕਰਨ ਅਤੇ ਹਸਤਾਤਰਣ ਕਰਨ ਦੀਆਂ ਸੰਭਾਵਨਾਵਾਂ ਬਣਾਉਂਦੇ ਹਨ। ਇਸਦਾ ਨਤੀਜਾ ਅਕਸਰ ਵਧੇ ਗਿਆਨ ਅਤੇ ਕਿਸਾਨਾਂ ਦੀਆਂ ਤਕਨੀਕਾਂ ਵਿੱਚ ਸੁਧਾਰ ਦੇ ਰੂਪ ਵਿੱਚ ਨਿਕਲਦਾ ਹੈ। ਅੰਤ ਵਿੱਚ, ਪੀ ਜੀ ਐਸ ਸਥਾਨਕ ਬਾਜ਼ਾਰ ਅਤੇ ਸਥਾਨਕ ਸਮੁਦਾਇ ਨੂੰ ਮਜਬੂਤ ਕਰਦੀ ਹੈ ਅਤੇ ਖੇਤਰ ਵਿੱਚ ਜੈਵਿਕ ਖੇਤੀ ਬਾਰੇ ਜਾਗਰੂਕਤਾ ਵਧਾਉਂਦੀ ਹੈ। ਖ਼ਾਸ ਕਰਕੇ ਜੈਵਿਕ ਬਾਜ਼ਾਰਾਂ ਨੂੰ ਵਿਕਸਿਤ ਕਰਨ ਵਿੱਚ ਪੀ ਜੀ ਐਸ ਉਤਪਾਦਨ ਅਤੇ ਖਪਤ ਦੇ ਸਥਾਨਕ ਨੈਟਵਰਕ ਨਿਰਮਾਣ ਵਿੱਚ ਬੜੀ ਕਾਮਯਾਬ ਸਿੱਧ ਹੋਈ ਹੈ।

ਭਾਰਤ ਵਿੱਚ ਪੀ ਜੀ ਐਸ : ਸਥਾਨਕ ਵਾਸਤਵਿਕਤਾ ਦੇ ਅਨੁਕੂਲ ਪ੍ਰਣਾਲੀ

ਭਾਰਤ ਪੀ ਜੀ ਐਸ ਦੇ ਵਿਕਾਸ ਅਤੇ ਜਾਗਰੂਕਤਾ ਦੇ ਮਾਮਲੇ ਵਿੱਚ ਸਭ ਤੋਂ ਉੱਨਤ ਦੇਸ਼ਾਂ ਵਿੱਚੋਂ ਇੱਕ ਹੈ। ਭਲੇ ਹੀ ਜੈਵਿਕ ਖੇਤੀ ਲਈ ਕਾਨੂੰਨੀ ਢਾਂਚਾ ਪੀ ਜੀ ਐਸ ਨੂੰ ਅਧਿਕਾਰਕ ਮਾਨਤਾ ਨਹੀਂ ਦਿੰਦਾ ਪ੍ਰੰਤੂ ਘਰੇਲੂ ਬਾਜ਼ਾਰ ਲਈ ਸਵੈ-ਇੱਛਕ ਕਾਨੂੰਨੀ ਢਾਂਚਾ ਬਿਨਾ ਪ੍ਰਮਾਣੀਕਰਣ ਜਾ ਪੀ ਜੀ ਐਸ ਵਾਲੇ ਜੈਵਿਕ ਦਾਅਵਿਆਂ ਦੀ ਇਜਾਜ਼ਤ ਦਿੰਦਾ ਹੈ। ਵਾਸਤਵ ਵਿੱਚ, ਏਥੇ ਸਮਾਂਤਰ ਚੱਲ ਰਹੇ ਦੋ ਵਿਕਲਪਿਕ ਗਾਰੰਟੀ ਪ੍ਰਣਾਲੀਆਂ ਹਨ: ਇੱਕ ਗੈਰ ਸਰਕਾਰੀ ਸੰਸਥਾਵਾਂ ਦੇ ਗਠਜੋੜ ਰਾਹੀ ਪ੍ਰਚਾਰਿਤ ਸਹਿਭਾਗੀ ਗਾਰੰਟੀ ਪ੍ਰਣਾਲੀ ਜੈਵਿਕ ਸਭਾ ਦੀ ਅਗਵਾਈ ਵਿੱਚ (PGSOC), ਅਤੇ ਇੱਕ ਸਰਕਾਰੀ 'ਪੀ ਜੀ ਐਸ ਭਾਰਤ' ਦੇ ਨਾਮ 'ਤੇ। ਕੁੱਲ ਮਿਲਾ ਕੇ, ਦੇਸ਼ ਵਿੱਚ 5000 ਤੋਂ ਜ਼ਿਆਦਾ ਕਿਸਾਨਾਂ ਨੇ ਪੀ ਜੀ ਐਸ ਰਾਹੀ ਆਪਣੇ ਉਤਪਾਦਾ ਲਈ ਜੈਵਿਕ ਗਾਰੰਟੀ ਪ੍ਰਾਪਤ ਕੀਤੀ।

ਭਾਰਤ ਵਿੱਚ ਪੀ ਜੀ ਐਸ ਦਾ ਵਿਕਾਸ 2006 ਵਿੱਚ ਸ਼ੁਰੂ ਹੋਇਆ ਜਦੋਂ ਐਫ ਏ ਓ ਅਤੇ ਖੇਤੀਬਾੜੀ ਮੰਤਰਾਲੇ ਅਧੀਨ ਖੇਤੀਬਾੜੀ ਅਤੇ ਸਹਿਕਾਰਿਤਾ ਵਿਭਾਗ ਅਧੀਨ ਰਾਸ਼ਟਰੀ ਜੈਵਿਕ ਖੇਤੀ ਕੇਂਦਰ (ਐਨ ਸੀ ਓ ਐਫ) ਨੇ ਮਿਲ ਕੇ ਗੋਆ ਵਿਖੇ ਇੱਕ ਵਰਕਸ਼ਾਪ ਆਯੋਜਿਤ ਕੀਤੀ ਜਿਸ ਵਿੱਚ 14 ਗੈਰ ਸਰਕਾਰੀ ਸੰਸਥਾਵਾਂ ਨੇ ਭਾਗ ਲਿਆ। ਵਰਕਸ਼ਾਪ ਤੋਂ ਬਾਅਦ, ਸੰਸਥਾਵਾਂ ਨੇ ਗੈਰ ਰਸਮੀ ਐੱਮ ਓ ਐਫ ਐਫ, ਗ੍ਰੀਨ ਫਾਊਂਡੇਸ਼ਨ ਅਤੇ ਸੋਟੈਨੀਕਲ ਸੁਸਾਇਟੀ ਆਫ ਗੋਆ।

ਸਰਕਾਰ ਵਾਲੇ ਪਾਸੇ, ਪੀ ਜੀ ਐਸ ਭਾਰਤ ਨੂੰ ਜੈਵਿਕ ਖੇਤੀ ਉੱਪਰ ਰਾਸ਼ਟਰੀ ਪ੍ਰੋਜੈਕਟ ਦੇ ਢਾਂਚੇ ਵਿੱਚ ਇੱਕ ਸਕੀਮ ਦੇ ਰੂਪ ਵਿੱਚ ਸ਼ੁਰੂ ਕੀਤਾ ਗਿਆ। ਇਸਦੀ ਸ਼ੁਰੂਆਤ 7 ਅਪ੍ਰੈਲ 2011 ਨੂੰ ਕੀਤੀ ਗਈ ਅਤੇ ਇਸ ਪ੍ਰਣਾਲੀ ਨੂੰ "ਘੱਟ ਲਾਗਤ ਪ੍ਰਮਾਣੀਕਰਣ ਪ੍ਰਣਾਲੀ - ਸਹਿਭਾਗੀ ਗਾਰੰਟੀ ਪ੍ਰਣਾਲੀ (ਪੀ ਜੀ ਐਸ)" ਦੇ ਰੂਪ ਵਿੱਚ ਪ੍ਰਚਾਰਿਤ ਕੀਤਾ ਗਿਆ। ਰਾਸ਼ਟਰੀ ਜੈਵਿਕ ਖੇਤੀ ਕੇਂਦਰ ਅਨੁਸਾਰ ਪੀ ਜੀ ਐਸ ਸਮੂਹ ਵਿੱਚ ਕਿਸਾਨਾਂ ਨੂੰ ਜੈਵਿਕ ਲਈ ਨਿਰਧਾਰਿਤ ਮਾਨਕਾਂ ਦਾ ਪਾਲਣ ਕਰਨ, ਇੱਕ ਦੂਸਰੇ ਦੀ ਨਿਗਰਾਨੀ ਕਰਨ ਅਤੇ ਖੁਦ ਨੂੰ ਜੈਵਿਕ ਘੋਸ਼ਿਤ ਕਰਨ ਲਈ ਭਾਕਤ ਦਿੰਦਾ ਹੈ। ਪੀ ਜੀ ਐਸ ਭਾਰਤ ਵਿੱਚ

ਨਿਗਰਾਨੀ ਅਤੇ ਤਾਲਮੇਲ ਸਥਾਨਕ ਕੌਂਸਿਲ ਰਾਹੀ ਕੀਤਾ ਜਾਦਾ ਹੈ, ਜੋ ਕਿ ਸਥਾਨਕ ਸਤਰ 'ਤੇ ਸਮੂਹ ਦੇ ਫੈਸਲਿਆਂ ਦੀ ਪੁਸ਼ਟੀ ਲਈ ਵੀ ਜਿੰਮੇਵਾਰ ਹੈ। ਪ੍ਰਣਾਲੀ ਦੀ ਪਾਰਦਰਸ਼ਿਤਾ ਲਈ ਇੰਟਰਨੈੱਟ ਉਪਕਰਣਾਂ ਦੇ ਇਸਤੇਮਾਲ ਅਤੇ ਸੰਬੰਧਿਤ ਡਾਟਾ ਤੱਕ ਲੋਕਾਂ ਦੀ ਪਹੁੰਚ ਬਣਾਉਣ ਦੀ ਯੋਜਨਾ ਬਣਾਈ ਗਈ। ਹੁਣ ਤੱਕ ਚਾਲੂ ਦਿਸ਼ਾ-ਨਿਰਦੇਸ਼ ਪਹੁੰਚ ਵਿੱਚ ਹਨ ਅਤੇ ਰਾਸ਼ਟਰੀ ਸਲਾਹਕਾਰ ਸਮਿਤੀ (ਐਨ ਏ ਸੀ) ਬਣਾਈ ਗਈ ਹੈ।

ਕਿਸਾਨ ਸੰਗਠਨ ਪੀ ਜੀ ਐਸ ਪਹਿਲ ਦੀ ਸਥਾਪਨਾ ਵਿੱਚ ਅਕਸਰ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਉਹ ਲੋਕਾਂ ਨੂੰ ਨਾਲ ਲਿਆਉਣ ਲਈ ਅਤੇ ਉਹਨਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਮੌਜੂਦਾ ਨੈੱਟਵਰਕ ਨੂੰ ਲਿਆ ਸਕਦੇ ਹਨ। ਭਾਰਤ ਖ਼ਾਸ ਕਰਕੇ ਇੱਕ ਵਧੀਆ ਉਦਾਹਰਣ ਹੈ, ਜਿੱਥੇ ਕਈ ਕਿਸਾਨ ਸੰਗਠਨਾਂ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਪੀ ਜੀ ਐਸ ਤਿਆਰ ਕਰਨ ਲਈ ਤਾਲਮੇਲ ਕੀਤਾ ਜੋ ਕਿ ਦੇਸ਼ ਦੀਆਂ ਪਰਿਸਥਿਤੀਆਂ ਦੇ ਪੂਰੀ ਤਰ੍ਹਾ ਅਨੁਕੂਲ ਹੈ। ਮੁੱਖ ਚਿੰਤਾਵਾਂ ਵਿੱਚੋਂ ਇੱਕ ਚਿੰਤਾ ਪੀ ਜੀ ਐਸ ਬਾਰੇ ਜਿੰਨੀਆਂ ਸਥਾਨਕ ਭਾਸ਼ਾਵਾਂ ਵਿੱਚ ਸੰਭਵ ਹੋ ਸਕੇ, ਸਮੱਗਰੀ ਮੁਹੱਈਆ ਕਰਵਾਉਣ ਦੀ ਅਤੇ ਛੋਟੇ ਕਿਸਾਨਾਂ ਤੱਕ ਇਸਦੀ ਵੱਧ ਤੋਂ ਵੱਧ ਪਹੁੰਚ ਬਣਾਉਣ ਦੀ ਹੈ। ਪੀ ਜੀ ਐਸ ਦਾ ਸਾਹਿਤ ਆਮ ਇਸਤੇਮਾਲ ਹੋਣ ਵਾਲੀਆਂ ਅੱਠ ਭਾਸ਼ਾਵਾਂ ਵਿੱਚ ਛਪ ਚੁੱਕਿਆ ਹੈ ਅਤੇ ਬਾਕੀਆਂ ਵਿੱਚ ਅਨੁਵਾਦ ਕੀਤਾ ਜਾ ਰਿਹਾ ਹੈ।

ਕਿਸਾਨਾਂ ਦੀ ਪ੍ਰਤਿਭਾਗਿਆ ਹਰ ਉਸ ਖੇਤਰ, ਜਿੱਥੇ ਪੀ ਜੀ ਐਸ ਆਗੂ ਹੈ, ਦੀਆਂ ਸਥਾਨਕ ਪ੍ਰੰਪਰਾਵਾਂ ਅਨੁਸਾਰ ਚੰਗੀ ਤਰ੍ਹਾਂ ਢਲੀ ਹੋਈ ਹੈ। ਵਾਸਤਵ ਵਿੱਚ ਉਹ ਸਥਾਨਕ ਸਮਾਜਿਕ-ਧਾਰਮਿਕ ਮਾਨਤਾਵਾਂ ਦੇ ਅਨੁਸਾਰ ਸੰਚਾਲਿਤ ਹਨ। ਭਾਰਤ ਜਿਹੇ ਧਾਰਮਿਕ ਦੇਸ਼ ਵਿੱਚ ਇਹ ਜੈਵਿਕ ਖੇਤੀ ਦੇ ਮਾਨਕਾਂ ਅਤੇ ਸਿਧਾਂਤਾ ਪ੍ਰਤਿ ਕਿਸਾਨਾਂ ਦੀ ਪ੍ਰਤੀਬੱਧਤਾ ਨੂੰ ਮਜਬੂਤ ਕਰਨ ਵਿੱਚ ਬਾਹਰੀ, ਨੌਕਰਸ਼ਾਹੀ ਲਾਈਸੈਂਸ ਪ੍ਰਣਾਲੀ ਦੀ ਤੁਲਨਾ ਵਿੱਚ ਜਿਆਦਾ ਕੁਸ਼ਲ ਹੈ।

ਪੀ ਜੀ ਐਸ ਦੇ ਛੋਟੇ ਕਿਸਾਨਾਂ ਨੂੰ ਫ਼ਾਇਦੇ

ਤਾਮਿਲਨਾਡੂ ਸੂਬੇ ਦੇ ਨੀਲਗਿਰੀ ਜਿਲ੍ਹੇ ਦੇ ਕੋਟਾਗਿਰੀ ਵਿੱਚ ਸਥਿਤ ਐਨ ਜੀ ਓ ਕੌਸਟੇਨ ਫਾਊਂਡੇਸ਼ਨ ਦਾ ਪੀ ਜੀ ਐਸ- ਆਪਣੀ ਕੁੱਲ ਵਿਕਰੀ ਦਾ 60 ਪ੍ਰਤੀਸ਼ਤ ਆਪਣੇ ਜਿਲ੍ਹੇ ਵਿੱਚੋਂ ਹੀ ਪੈਦਾ ਕਰਦਾ ਹੈ। ਇਸ ਦੀ ਸਥਾਪਨਾ ਨੀਲਗਿਰੀ ਦੇ ਸਵਦੇਸ਼ੀ ਸਮੁਦਾਇਆਂ ਅਤੇ ਵਨਵਾਸੀਆਂ ਖ਼ਾਸ ਕਰਕੇ ਸ਼ਹਿਦ ਇਕੱਠਾ ਕਰਨ ਵਾਲਿਆਂ ਲਈ ਮਾਰਕਿਟਿੰਗ ਸਹਿਯੋਗ ਦੇਣ ਲਈ ਕੀਤੀ ਗਈ ਸੀ। ਜੈਵਿਕ ਬਾਜ਼ਾਰ ਦੇ ਵਿਕਾਸ ਲਈ ਗਤੀਵਿਧੀਆਂ 1995 ਵਿੱਚ ਸ਼ੁਰੂ ਹੋਈਆਂ। ਉਸ ਸਮੇਂ ਸਭ ਤੋਂ ਵੱਡੀ ਚੁਣੌਤੀ ਗ੍ਰਾਹਕਾਂ ਵਿਚਕਾਰ ਆਦੀਵਾਸੀਆਂ ਉਤਪਾਦਾਂ ਦੀ ਉੱਚ ਗੁਣਵੱਤਾ ਬਾਰੇ ਜਾਗਰੂਕਤਾ ਵਧਾਉਣਾ ਸੀ। ਇੱਕ ਸਹਿਭਾਗੀ ਪ੍ਰਣਾਲੀ ਜੋ ਕਿ ਜੈਵਿਕ ਅਤੇ "ਵਾਤਾਵਰਣ ਮਿੱਤਰਤਾ" ਗਾਰੰਟੀ ਦੇ ਸਕਦੀ ਸੀ ਕਈ ਸਾਲਾਂ ਵਿੱਚ ਵਿਕਸਿਤ ਕੀਤੀ ਗਈ ਅਤੇ ਜੋ ਸਥਾਨਕ ਲੋੜਾਂ ਅਤੇ ਨਿਸ਼ਚਿਤਤਾਵਾਂ ਉੱਪਰ ਆਧਾਰਿਤ ਸੀ। ਅੱਜ ਜੈਵਿਕ ਬ੍ਰਾਂਡ "ਅੰਤਿਮ ਵਣ ਪ੍ਰਕ੍ਰਿਤਕ ਉਤਪਾਦ" ਪੂਰੇ ਦੇਸ਼ ਵਿੱਚ ਵਿਕ ਰਿਹਾ ਹੈ ਅਤੇ ਜਲਦ ਹੀ ਆਨਲਾਈਨ ਵੀ ਉਪਲਬਧ ਹੋਵੇਗਾ।

ਕੌਸਟੇਨ ਦੀ ਤਰ੍ਹਾ, ਹੋਰ ਸੰਸਥਾਵਾਂ ਜੋ ਪੀ ਜੀ ਐਸ ਓ ਸੀ ਦਾ ਹਿੱਸਾ ਹਨ, ਬਾਜ਼ਾਰ ਤੱਕ ਪਹੁੰਚ ਬਣਾਉਣ ਵਿੱਚ, ਆਮਦਨ ਵਧਾਉਣ, ਵਧੀਆ ਰਹਿਣ-ਸਹਿਣ ਅਤੇ ਇਸ ਤੋਂ ਵੀ ਵੱਧ ਸੰਬੰਧਤ ਜਾਣਕਾਰੀ ਅਤੇ ਤਕਨੀਕੀ ਸਹਾਇਤਾ ਤੱਕ ਪਹੁੰਚ ਲਈ ਕਿਸਾਨਾਂ ਨੂੰ ਸਹਿਯੋਗ ਦੇ ਰਹੀਆਂ ਹਨ। ਜੈਵਿਕ ਮਾਨਕਾਂ ਅਤੇ ਉਤਪਾਦਨ ਸਮੱਸਿਆ ਲਈ ਜੈਵਿਕ ਹੱਲਾਂ ਬਾਰੇ ਗਿਆਨ ਦੀ ਕਮੀ ਕਾਰਨ ਕਿਸਾਨ ਜੈਵਿਕ ਮਾਨਕਾਂ ਦਾ ਪਾਲਣ ਨਹੀਂ ਕਰ ਪਾਉਂਦਾ। ਸਮੂਹ ਦੁਆਰਾ ਸਮੀਖਿਆ ਅਤੇ ਜਾਣਕਾਰੀ ਦੇ ਲਗਾਤਾਰ ਆਦਾਨ-ਪ੍ਰਦਾਨ ਉਤਪਾਦਕਾਂ ਲਈ ਫਾਇਦੇਮੰਦ ਸਾਬਿਤ ਹੋ ਰਿਹਾ ਹੈ ਅਤੇ ਉਸ ਪ੍ਰਕ੍ਰਿਆ ਵਿੱਚ ਵੀ ਯੋਗਦਾਨ ਦੇ ਰਹੀ ਹੈ ਜੋ ਸਭ ਸ਼ਾਮਿਲ ਲੋਕਾਂ, ਜਿਸ ਵਿੱਚ ਖਪਤਕਾਰ ਵੀ ਸ਼ਾਮਿਲ ਹਨ, ਵਿੱਚਕਾਰ ਵਿਸ਼ਵਾਸ ਬਣਾਉਂਦੀ ਹੈ।

ਪੀ ਜੀ ਐਸ ਇੱਕ ਸੰਮਲਿਤ ਹੱਲ

ਭਾਰਤ ਵਿੱਚ ਖੇਤੀਬਾੜੀ ਵਿੱਚ ਵਰਤੇ ਜਾਦੇ ਜ਼ਹਿਰੀਲੇ ਰਸਾਇਣਾ ਦੇ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕਤਾ ਵਧ ਰਹੀ ਹੈ ਅਤੇ ਇਸਦੇ ਨਾਲ ਹੀ ਟਿਕਾਊ ਤਰੀਕਿਆਂ ਨਾਲ ਉਗਾਏ ਭੋਜਨ ਦੀ ਵੀ ਮੰਗ ਵਧ ਰਹੀ ਹੈ। ਘਰੇਲੂ ਜੈਵਿਕ ਬਾਜ਼ਾਰ ਵਧਾਉਣ ਲਈ, ਖਪਤਕਾਰਾਂ ਨੂੰ ਇਹ ਗਾਰੰਟੀ ਦੇਣਾ ਕਿ ਜੋ ਉਹ ਖਰੀਦ ਰਹੇ ਹਨ ਉਹ ਸਚਮੁੱਚ ਜੈਵਿਕ ਹੈ, ਇੱਕ ਭਰੋਸੇਮੰਦ ਪ੍ਰੰਤੂ ਸਸਤੀ ਤਸਦੀਕ ਪ੍ਰਣਾਲੀ ਜਰੂਰੀ ਹੈ। ਪੀ ਜੀ ਐਸ ਘਰੇਲੂ ਬਾਜ਼ਾਰ ਲਈ ਅਤੇ ਛੋਟੀ ਲੜੀ ਲਈ ਇੱਕ ਸੰਮਲਿਤ ਹੱਲ ਹੈ। ਇਸਲਈ ਉਹ ਤੀਸਰੀ ਪਾਰਟੀ ਪ੍ਰਮਾਣੀਕਰਣ ਦੇ ਪੂਰਕ (ਪ੍ਰਤੀਸਪਰਧੀ ਨਹੀ) ਹਨ, ਜਿੰਨਾਂ ਦੀ ਜੈਵਿਕ ਉਤਪਾਦ ਲਈ ਵਿਸ਼ਵ ਬਾਜ਼ਾਰ ਵਿੱਚ ਜੈਵਿਕ ਗੁਣਵੱਤਾ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਹੈ।

ਤੀਸਰੀ ਪਾਰਟੀ ਪ੍ਰਮਾਣੀਕਰਨ ਇੱਕ ਮਹੱਤਵਪੂਰਨ ਉਪਕਰਣ ਹੈ, ਪ੍ਰੰਤੂ ਇਹ ਸਾਰੇ ਜੈਵਿਕ ਓਪਰੇਟਰਾਂ ਅਤੇ ਹਿੱਤਧਾਰਕਾਂ ਲਈ ਉੱਚਿਤ ਨਹੀਂ ਹੈ। ਜੈਵਿਕ ਗਾਰੰਟੀ ਪ੍ਰਣਾਲੀ ਵਿੱਚ ਵਿਭਿੰਨਤਾ ਸੰਸਾਰ ਭਰ ਵਿੱਚ ਵਿਭਿੰਨ ਸੰਦਰਭਾਂ ਵਿੱਚ ਕਿਸਾਨਾਂ ਅਤੇ ਖਪਤਕਾਰਾਂ ਦੀ ਵਿਸਤ੍ਰਿਤ ਲੜੀ ਲਈ ਸੰਤੋਸ਼ਜਨਕ ਮੌਕੇ ਪ੍ਰਦਾਨ ਕਰ ਸਕਦੇ ਹਨ। ਭਾਰਤ ਜਿਹੇ ਵੱਡੇ ਦੇਸ਼ ਲਈ, ਸਥਾਨਕ ਨਿਸ਼ਚਿਤਤਾਵਾਂ ਅਤੇ ਜਰੂਰਤਾਂ ਪਹਿਚਾਣਨਾ ਖ਼ਾਸ ਕਰਕੇ ਪ੍ਰਸੰਗਿਕ ਹਨ। ਪੀ ਜੀ ਐਸ ਪਹਿਲ ਲਈ ਵਿਕਾਸ ਅਤੇ ਖੁਸ਼ਹਾਲ ਕਰਨ ਲਈ ਉੱਚਿਤ ਵਾਤਾਵਰਣ ਪੈਦਾ ਕਰਕੇ ਭਾਰਤ ਸਮੱਗਰ ਰੂਪ ਵਿੱਚ ਜੈਵਿਕ ਖੇਤਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਪਾਲਣ ਕਰਨ ਲਈ ਇੱਕ ਉਦਾਹਰਣ ਪੇਸ਼ ਕੀਤੀ ਹੈ।

ਫਲੋਵੀਆ ਕਾਸਤਰੋ
E-mail: f.castro@ifoam.org
ਕਾਰਨੇਲੀਆ ਕਿਰਚਨਰ
E-mail: c.kirchner@ifoam.org

ਸੰਦਰਭ

ਆਈ ਐੱਫ ਓ ਏ ਐੱਮ, ਸਹਿਭਾਗੀ ਗਾਰੰਟੀ ਸਿਸਟਮ- 4 ਕੇਸ ਸਟੱਡੀਜ਼, 2005
ਪੀ ਜੀ ਐੱਸ ਓ ਸੀ (ਪਾਰਟੀਸੀਪੇਟਰੀ ਗਾਰੰਟੀ ਸਿਸਟਮ ਆਰਗੈਨਿਕ ਕੌਂਸਲ)
ਹਿਸਟਰੀ ਆਫ ਪੀ.ਜੀ.ਐੱਸ. ਇਨ ਇੰਡੀਆ.
Http://www.pgsorganic.in/history-ofpgs-in-india
ਪੋਸਲਾ, ਰੋਨ, **ਪਾਰਟੀਸੀਪੇਟਰੀ ਆਰਗੈਨਿਕ ਗਾਰੰਟੀ ਸਿਸਟਮ ਫਾਰ ਇੰਡੀਆ**, *ਫਾਈਨੈਂਸ ਰਿਪੋਰਟ ਅਕਤੂਬਰ 2006*

Participatory Guarantee Systems
(Making organic certification more accessible for small scale farmers)
LEISA INDIA, VOL- 15, NO.2, June 2013.